NW Gastroenterology & Endoscopy

Bellingham, WA

## ਫੈਡਰਲ ਰੈਗੂਲੇਸ਼ਨ (ਸੰਘੀ ਕਾਨੂੰਨ) ਦੀ ਮੰਗ ਹੈ ਕਿ ਸਿਹਤ ਸੰਭਾਲ ਸੁਵਿਧਾਵਾਂ ਵਲੋਂ ਹਰੇਕ ਮਰੀਜ਼ ਨੂੰ ਹੇਠ ਦਿੱਤੀ ਜਾਣਕਾਰੀ ਬਾਰੇ ਸੂਚਿਤ ਕੀਤਾ ਜਾਏ।

## ਮਰੀਜ਼ ਦੇ ਅਧਿਕਾਰ

ਮਰੀਜ਼ ਵਿਤਕਰੇ ਜਾਂ ਬਦਲੇ ਦੇ ਡਰ ਤੋਂ ਬਗੈਰ ਆਪਣੇ ਸਾਰੇ ਹੱਕਾਂ ਦੀ ਵਰਤੋਂ ਕਰ ਸਕਦਾ ਹੈ। ਮਰੀਜ਼ ਨੂੰ ਉਸ ਦੇ ਡਾਕਟਰ ਅਤੇ ਨਾਰਥਵੈਸਟ ਇੰਡੋਸਕੋਪੀਕ ਸੈਂਟਰ ਦੇ ਸਟਾਫ ਤੋਂ ਹੇਠ ਦਿੱਤੀ ਦੀ ਆਸ ਕਰਨ ਦਾ ਅਧਿਕਾਰ ਹੈ:

**ਆਦਰ**

- ਮਰੀਜ਼ ਨੂੰ ਕਾਬਲ ਕਰਮਚਾਰੀਆਂ ਰਾਹੀਂ ਦਿੱਤੀ ਜਾਣ ਵਾਲੀ ਆਦਰਪੂਰਣ ਦੇਖਭਾਲ ਪ੍ਰਾਪਤ ਕਰਨ ਦਾ ਅਧਿਕਾਰ ਹੈ।

**ਧਿਆਨ ਵਿੱਚ ਰੱਖਣਾ**

- ਸੈਂਟਰ ਦੀ ਨੀਤੀਆਂ ਅਤੇ ਪ੍ਰਕਿਰਿਆਵਾਂ ਦੀਆਂ ਸੀਮਾਵਾਂ ਦੇ ਦਾਅਰੇ ਵਿੱਚ ਮਰੀਜ਼ ਦੀ ਨਿੱਜੀ ਅਤੇ ਅਧਿਆਤਮਿਕ ਲੋੜਾਂ ਅਤੇ ਬੇਨਤੀਆਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇਗੀ।
- ਮਰੀਜ਼ ਨੂੰ ਉੱਚ ਪੇਸ਼ੇਵਰ ਮਿਆਰਾਂ ਦੇ ਮੁਤਾਬਕ ਦਿੱਤੀ ਗਈ ਗੁਣਵੱਤਾ ਭਰੀ ਦੇਖਭਾਲ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਹੱਕ ਹੈ ਜਿੰਨਾਂ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਜੋ ਲਗਾਤਾਰ ਬਣਾਏ ਰੱਖੇ ਜਾਂਦੇ ਹਨ।
- ਮਰੀਜ਼ ਨੂੰ ਉਮਰ, ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਅਪੰਗਤਾ, ਅਪਾਹਜਤਾ ਜਾਂ ਭੁਗਤਾਨ ਦੇ ਸੋਮੇ ਤੇ ਅਧਾਰਿਤ ਵਿਤਕਰੇ ਬਗੈਰ ਡਾਕਟਰੀ ਸੇਵਾਵਾਂ ਹਾਸਿਲ ਕਰਨ ਦਾ ਹੱਕ ਹੈ।
- ਕੋਈ ਵੀ ਮਰੀਜ਼, ਜੋ ਅੰਗਰੇਜ਼ੀ ਨਹੀਂ ਬੋਲ ਸਕਦਾ/ਸਕਦੀ, ਜਿੱਥੇ ਸੰਭਵ ਹੋਵੇਗਾ, ਨੂੰ ਇੱਕ ਦੁਭਾਸ਼ਿਆ ਪ੍ਰਾਪਤ ਹੋਵੇਗਾ।
- ਮਰੀਜ਼ ਨੂੰ ਇਸ ਗੱਲ ਦੀ ਉਮੀਦ ਕਰਨ ਦਾ ਹੱਕ ਹੈ ਕਿ ਸੈਂਟਰ ਦਾ ਇਕ ਅਜਿਹੇ ਤਰੀਕੇ ਨਾਲ ਪ੍ਰਬੰਧਨ ਕੀਤਾ ਜਾਵੇਗਾ ਜੋ ਕੁਸ਼ਲਤਾ ਨੂੰ ਪ੍ਰੇਰਿਤ ਕਰਦਾ ਹੈ ਅਤੇ ਮਰੀਜ਼ ਦੀ ਆਰਾਮ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ।
- ਮਰੀਜ਼ ਨੂੰ ਸੰਕਟਕਾਲ ਵਿੱਚ ਪ੍ਰਕਿਰਿਆਵਾਂ ਆਸਾਨੀ ਨਾਲ ਉਪਲੱਬਧ ਹੋਣ ਅਤੇ ਬੇਲੋੜੀ ਦੇਰੀ ਬਿਨਾ ਲਾਗੂ ਕੀਤੇ ਜਾਣ ਦੀ ਉਮੀਦ ਕਰਨ ਦਾ ਹੱਕ ਹੈ।

**ਇੱਜ਼ਤ/ਪਰਦੇਦਾਰੀ**

- ਨਿੱਜੀ ਪਰਦੇਦਾਰੀ ਇੱਕ ਮਰੀਜ਼ ਦੀ ਪਰਦੇਦਾਰੀ ਦਾ ਆਦਰ ਕਰਨ ਵਿੱਚ ਇਹ ਕਾਰਵਾਈਆਂ ਸ਼ਾਮਲ ਹੋਣਗੀਆਂ: ਮਰੀਜ਼ ਇੱਕ ਪ੍ਰਾਈਵੇਟ ਪਰਦੇਦਾਰ ਖੇਤਰ, ਪ੍ਰਕਿਰਿਆ ਵਾਲੇ ਕਮਰੇ, ਜਾਂ ਰੈਸਟਰੂਮ ਵਿੱਚ ਆਪਣਾ ਗਾਊਨ ਪਾਏਗਾ। ਮਰੀਜ਼ ਦੀ ਮੈਡੀਕਲ ਹਾਲਤ ਅਤੇ ਇਤਿਹਾਸ ਬਾਰੇ ਸਾਰੇ ਸਵਾਲ ਇੱਕ ਪਰਦੇ ਵਾਲੇ ਖੇਤਰ ਜਾਂ ਅਜਿਹੇ ਖੇਤਰ ਵਿੱਚ ਪੁੱਛੇ ਜਾਣਗੇ ਜੋ ਹੋਰ ਮਰੀਜ਼ਾਂ ਤੋਂ ਵੱਖ ਹੋਵੇਗਾ। ਮਰੀਜ਼ਾਂ ਦੇ ਵਿਚਕਾਰ ਕਯੂਬਿਕਲ ਪਰਦੇ ਹਮੇਸ਼ਾ ਖਿੱਚੇ ਹੋਣਗੇ ਅਤੇ ਡਿਸਚਾਰਜ ਲਈ ਤਿਆਰ ਹੋਣ ਵੇਲੇ ਮਰੀਜ਼ ਦੇ ਚਾਰੋ ਤਰਫ਼ ਖਿੱਚੇ ਗਏ ਹੋਣਗੇ।
- ਮਰੀਜ਼ ਨੂੰ ਆਪਣੀ ਖੁਦ ਦੀ ਮੈਡੀਕਲ ਦੇਖ-ਰੇਖ ਦੇ ਸੰਬੰਧ ਵਿੱਚ ਨਿੱਜਤਾ ਦਾ ਅਧਿਕਾਰ ਹੈ। ਕੇਸ ਤੇ ਚਰਚਾ, ਸਲਾਹ-ਮਸ਼ਵਰਾ, ਪ੍ਰੀਖਿਆ, ਅਤੇ ਇਲਾਜ ਗੁਪਤ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਬਾਰੇ ਮਰੀਜ਼ ਨਾਲ ਸਮਝਦਾਰੀ ਨਾਲ ਚਰਚਾ ਕੀਤੀ ਜਾਏਗੀ।
- ਮਰੀਜ਼ ਨੂੰ ਮੁਕਤ ਰਹਿਣ ਦਾ ਅਧਿਕਾਰ ਹੈ ਅਤੇ ਕਿਸੇ ਵੀ ਕਿਸਮ ਦੇ ਦੁਰਿਵਹਾਰ ਜਾਂ ਪਰੇਸ਼ਾਨੀ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ ਅਤੇ ਸੁਰੱਖਿਅਤ ਸੇਵਾ ਤੱਕ ਪਹੁੰਚ ਉਪਲਬਧ ਹੈ।

**ਗੋਪਨੀਯਤਾ**

- ਮੈਡੀਕਲ ਰਿਕਾਰਡ ਦੀ ਗੋਪਨੀਯਤਾ। ਸੈਂਟਰ ਦਾ ਵੱਖਰੇ ਪਛਾਣ ਕੀਤੇ ਜਾ ਸਕਣ ਵਾਲੀ ਸਿਹਤ ਦੀ ਜਾਣਕਾਰੀ ਦੀ ਨਿੱਜਤਾ ਅਤੇ ਸੁਰੱਖਿਆ ਲਈ ਤੈਅ 45 CFR ਹਿੱਸੇ 160 ਅਤੇ 164 ਰਾਹੀਂ ਦੱਸੇ ਗਏ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।
- ਇੱਕ ਮਰੀਜ਼ ਨੂੰ ਉਸ ਦੀ ਮੈਡੀਕਲ ਦੇਖ-ਰੇਖ ਦੀ ਸੇਵਾ ਦੇ ਰਿਕਾਰਡਾਂ ਨਾਲ ਗੁਪਤ ਤੌਰ ਤੇ ਵਿਵਹਾਰ ਕੀਤੇ ਜਾਣ ਦਾ ਹੱਕ ਹੈ ਜਦੋਂ ਤੱਕ ਕਿ ਕਾਨੂੰਨ ਜਾਂ ਤੀਜੀ ਧਿਰ ਦੀਆਂ ਠੇਕੇਦਾਰੀ ਵਿਵਸਥਾਵਾਂ ਰਾਹੀਂ ਨਾ ਕਿਹਾ ਗਿਆ ਹੋਵੇ। ਮਰੀਜ਼ ਦੀ ਇਜਾਜ਼ਤ ਅਤੇ/ਜਾਂ ਉਸ ਨੂੰ ਸੂਚਿਤ ਕੀਤੇ ਬਗੈਰ ਕੋਈ ਵੀ ਜਾਣਕਾਰੀ ਕਿਸੇ ਤੀਜੇ ਧਿਰ ਨੂੰ ਨਹੀਂ ਦੱਸੀ ਜਾਏਗੀ।
- ਹੋਰ ਦਫ਼ਤਰਾਂ ਜਾਂ ਬੀਮਾ ਕੰਪਨੀਆਂ ਨੂੰ ਦਿੱਤੀ ਗਈ ਕੋਈ ਵੀ ਜਾਣਕਾਰੀ ਮਰੀਜ਼ ਦੀ ਜਾਣਕਾਰੀ ਅਤੇ ਪ੍ਰਵਾਨਗੀ ਨਾਲ ਕੀਤੀ ਜਾਏਗੀ। ਮਰੀਜ਼ ਨੂੰ ਆਪਣੇ ਮੈਡੀਕਲ ਰਿਕਾਰਡ ਨੂੰ ਰਿਲੀਜ਼ ਕੀਤੇ ਜਾਣ ਤੋਂ ਇਨਕਾਰ ਕਰਨ ਦਾ ਹੱਕ ਹੈ।
- ਸਾਰੇ ਡਾਕਟਰ ਅਤੇ ਕਰਮਚਾਰੀ ਗੋਪਨੀਯਤਾ ਦੇ ਇੱਕ ਬਿਓਰੇ ਤੇ ਦਸਤਖ਼ਤ ਕਰਦੇ ਹਨ ਜੋ ਉਨ੍ਹਾਂ ਦੇ ਪਰਮਾਣ-ਪੱਤਰ ਫਾਈਲ ਵਿੱਚ ਰੱਖਿਆ ਜਾਂਦਾ ਹੈ।

**ਜਾਣਕਾਰੀ**

- ਮਰੀਜ਼ ਨੂੰ, ਬੇਨਤੀ ਕਰਨ 'ਤੇ, ਉਸ ਦੀ ਦੇਖਭਾਲ ਕਰਨ ਵਾਲੇ ਡਾਕਟਰ ਦਾ ਨਾਂ, ਉਸ ਦੀ ਦੇਖਭਾਲ ਵਿੱਚ ਸਿੱਧੇ ਤੌਰ' ਤੇ ਸ਼ਾਮਲ ਸਾਰੇ ਦੂਜੇ ਡਾਕਟਰਾਂ ਦੇ ਨਾਂ, ਅਤੇ ਉਸ ਦੇ ਸੰਪਰਕ ਵਿੱਚ ਆਉਣ ਵਾਲੇ ਦੂਜੇ ਸਿਹਤ ਦੇਖਭਾਲ ਕਰਮਚਾਰੀਆਂ ਦੇ ਨਾਮ ਦਿੱਤੇ ਜਾਣ ਦਾ ਹੱਕ ਹੈ।
- ਜਦੋਂ ਲਾਗੂ ਹੁੰਦਾ ਹੈ ਤਾਂ ਸੈਂਟਰ ਦਾ ਡਾਕਟਰ ਦੇ ਕਾਰਜਸਥਲ ਵਿੱਚ ਆਰਥਕ ਹਿਤਾਂ ਜਾਂ ਮਾਲਿਕਾਨਾ ਹੱਕ ਦਾ ਖੁਲਾਸਾ ਕਰਨਾ ਜ਼ਰੂਰੀ ਹੈ। ਜਾਣਕਾਰੀ ਦਾ ਖੁਲਾਸਾ ਲਿਖਤ ਵਿੱਚ ਹੋਣਾ ਜ਼ਰੂਰੀ ਹੈ ਅਤੇ ਮਰੀਜ਼ ਨੂੰ ਪ੍ਰਕਿਰਿਆ ਕੀਤੇ ਜਾਣ ਤੋਂ ਪਹਿਲਾਂ ਦਿੱਤਾ ਜਾਣਾ ਜ਼ਰੂਰੀ ਹੈ।
- ਮਰੀਜ਼ ਨੂੰ ਆਪਣੇ ਪ੍ਰਦਾਤਾ ਦੇ ਸਰਟੀਫਿਕੇਟਸ ਦੇ ਸਬੰਧ ਵਿੱਚ ਜਾਣਕਾਰੀ ਦੀ ਬੇਨਤੀ ਕਰਨ ਦਾ ਹੱਕ ਹੈ।
- ਮਰੀਜ਼ ਨੂੰ ਸੈਂਟਰ ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਕੰਮ ਦੇ ਘੰਟਿਆਂ ਤੋਂ ਬਾਅਦ ਐਮਰਜੈਂਸੀ ਕਵਰੇਜ ਲਈ ਪ੍ਰਬੰਧ ਬਾਰੇ ਸੂਚਿਤ ਕੀਤੇ ਜਾਣ ਦਾ ਹੱਕ ਹੈ।
- ਮਰੀਜ਼ ਨੂੰ ਸੈਂਟਰ ਦੇ ਉਨ੍ਹਾਂ ਨਿਯਮਾਂ ਅਤੇ ਕਾਇਦੀਆਂ ਬਾਰੇ ਜਾਣਨ ਦਾ ਹੱਕ ਹੈ ਜੋ ਇੱਕ ਮਰੀਜ਼ ਦੇ ਤੌਰ ਉਸ ਦੇ ਚਾਲ-ਚਲਣ 'ਤੇ ਲਾਗੂ ਹੁੰਦੇ ਹਨ।
- ਮਰੀਜ਼ ਨੂੰ ਸਿੱਧੇ ਸ਼ਬਦਾਂ ਵਿੱਚ ਸ਼ਰਤਾਂ, ਸਬੰਧਿਤ ਤਸ਼ਖੀਸ਼, ਇਲਾਜ ਅਤੇ ਅਨੁਮਾਨ ਬਾਰੇ ਪੂਰੀ ਜਾਣਕਾਰੀ ਰੱਖਣ ਦਾ ਹੱਕ ਹੈ ਜਿਸ ਵਿੱਚ ਵੈਕਲਪਿਕ ਇਲਾਜ ਅਤੇ ਸੰਭਵ ਜਟਿਲਤਾਵਾਂ (ਸਹਿਮਤੀ, ਡਿਸਚਾਰਜ ਨਿਰਦੇਸ਼, ਮਰੀਜ਼ ਨੂੰ ਸਿੱਖਿਆ ਦੇਣ ਵਾਲੇ ਹੈਂਡ ਆਉਟ) ਬਾਰੇ ਜਾਣਕਾਰੀ ਸ਼ਾਮਲ ਹੈ। ਜਦੋਂ ਮਰੀਜ਼ ਨੂੰ ਜਾਣਕਾਰੀ ਦੇਣ ਦੀ ਡਾਕਟਰੀ ਤੌਰ ਤੇ ਸਲਾਹ ਨਹੀ ਦਿੱਤੀ ਜਾਂਦੀ ਹੈ ਤਾਂ ਜਾਣਕਾਰੀ ਉਸ ਦੇ ਵਲੋਂ ਕੰਮ ਕਰਨ ਵਾਲੇ ਇੱਕ ਜ਼ੁੰਮੇਵਾਰ ਵਿਅਕਤੀ ਨੂੰ ਦਿੱਤੀ ਜਾਏਗੀ। ਐਮਰਜੈਂਸੀਆਂ ਤੋਂ ਇਲਾਵਾ, ਪ੍ਰੈਕਟੀਸ਼ਨਰ ਪ੍ਰਕਿਰਿਆ ਤੋਂ ਪਹਿਲੇ ਜ਼ਰੂਰੀ ਸੂਚਿਤ ਸਹਿਮਤੀ ਪ੍ਰਾਪਤ ਕਰਣਗੇ।
- ਸੈਂਟਰ ਮਰੀਜ਼ ਅਤੇ ਉਸ ਦੇ ਪਰਿਵਾਰ ਜਾਂ ਮਰੀਜ਼ ਦੇ ਨਾਮਿਤ ਵਿਅਕਤੀ ਨੂੰ, ਬੇਨਤੀ ਕਰਨ ਤੇ, ਉਸ ਦੇ ਮੈਡੀਕਲ ਰਿਕਾਰਡ ਵਿੱਚ ਰੱਖੀ ਗਈ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰੇਗਾ, ਜਦੋਂ ਤੱਕ ਕਿ ਮੈਡੀਕਲ ਕਾਰਨਾਂ ਕਰਕੇ ਇਲਾਜ ਕਰਨ ਵਾਲੇ ਪ੍ਰੈਕਟੀਸ਼ਨਰ ਨੇ ਖਾਸ ਤੌਰ ਤੇ ਪਹੁੰਚ ਤੇ ਪਾਬੰਦੀ ਨਾ ਲਾਈ ਹੋਵੇ।
- ਜੇ ਕੋਈ ਐਮਰਜੈਂਸੀ ਆ ਜਾਂਦੀ ਹੈ ਅਤੇ ਮਰੀਜ਼ ਨੂੰ ਦੂਜੀ ਥਾਂ ਤੇ ਟ੍ਰਾਂਸਫਰ ਕੀਤਾ ਜਾਂਦਾ ਹੈ ਤਾਂ ਜ਼ੁੰਮੇਵਾਰ ਪੱਖ ਨੂੰ ਸੂਚਿਤ ਕੀਤਾ ਜਾਏਗਾ। ਉਹ ਥਾਂ ਜਿੱਥੇ ਮਰੀਜ਼ ਨੂੰ ਟ੍ਰਾਂਸਫਰ ਕੀਤਾ ਜਾ ਰਿਹਾ ਹੈ ਉਸ ਬਾਰੇ ਮਰੀਜ਼ ਦੀ ਟ੍ਰਾਂਸਫਰ ਤੋਂ ਪਹਿਲਾਂ ਸੂਚਿਤ ਕੀਤਾ ਜਾਏਗਾ।
- ਮਰੀਜ਼ ਨੂੰ ਰਾਜ ਜਾਂ ਸੰਘੀ ਕਾਨੂੰਨ ਅਤੇ ਨਿਯਮਾਂ ਦੀ ਲੋੜ ਮੁਤਾਬਕ ਅਗਾਹੂੰ ਨਿਰਦੇਸ਼ਾਂ ਦੇ ਸੰਬੰਧ ਵਿੱਚ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ।
- ਮਰੀਜ਼ ਨੂੰ ਜਾਂ ਜਿਵੇਂ ਉੱਚਿਤ ਹੋਵੇ, ਮਰੀਜ਼ ਦੇ ਪ੍ਰਤੀਨਿਧ ਨੂੰ ਪ੍ਰਕਿਰਿਆ ਤੋਂ ਪਹਿਲਾਂ, ਅਗਾਹੂੰ ਨਿਰਦੇਸ਼ਾਂ ਤੇ ਨੀਤੀਆਂ ਦੇ ਸੰਬੰਧ ਵਿੱਚ ਜਾਣਕਾਰੀ ਦੇ ਦਿੱਤੀ ਜਾਏਗੀ, ਜਿਸ ਵਿੱਚ ਲਾਗੂ ਹੋਣ ਵਾਲੇ ਰਾਜ ਦੇ ਸਿਹਤ ਅਤੇ ਸੁਰੱਖਿਆ ਕਾਨੂੰਨਾਂ ਦਾ ਵੇਰਵਾ, ਅਤੇ ਜੇ ਬੇਨਤੀ ਕੀਤੀ ਗਈ ਹੋਵੇ ਤਾਂ ਆਧਿਕਾਰਕ ਰਾਜ ਦੇ ਅਗਾਹੂੰ ਨਿਰਦੇਸ਼ ਫਾਰਮ ਵੀ ਸ਼ਾਮਲ ਹੋਣਗੇ।
- ਮਰੀਜ਼ ਦੇ ਮੌਜੂਦਾ ਰਿਕਾਰਡ ਦੇ ਇੱਕ ਪ੍ਰਮੁੱਖ ਹਿੱਸੇ ਵਿੱਚ ਦਰਜ਼ ਕੀਤਾ ਜਾਵੇ, ਭਾਵੇਂ ਉਹ ਵਿਅਕਤੀ ਨੇ ਅਗਾਹੂੰ ਨਿਰਦੇਸ਼ ਨਿਸ਼ਪਾਦਿਤ ਕੀਤੇ ਹਨ ਜਾਂ ਨਹੀਂ।
- ਮਰੀਜ਼ ਨੂੰ ਸੇਵਾਵਾਂ ਲਈ ਆਪਣੇ ਬਿੱਲ ਦੇ ਇੱਕ ਵੇਰਵੇ ਦਾ ਮੁਆਇਨਾ ਕਰਨ ਅਤੇ ਪ੍ਰਾਪਤ ਕਰਨ ਦਾ ਅਧਿਕਾਰ ਹੈ।
- ਮਰੀਜ਼ ਨੂੰ ਰਾਜ ਅਤੇ ਸੰਘੀ ਕਾਨੂੰਨਾਂ ਅਤੇ ਨਿਯਮਾਂ ਦੀ ਲੋੜ ਅਨੁਸਾਰ ਸ਼ਿਕਾਇਤ ਪ੍ਰਕਿਰਿਆ ਦੇ ਸਬੰਧ ਵਿੱਚ ਨੀਤੀਆਂ ਅਤੇ ਉਸ ਥਾਂ ਦੇ ਸਬੰਧ ਵਿੱਚ ਸੁਝਾਅ ਦੇਣੇ/ਚਿੰਤਾਵਾਂ ਦੱਸਣ ਬਾਰੇ ਕਾਰਵਾਈਆਂ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ ਹੈ। ਮਰੀਜ਼ ਨੂੰ ਸੰਜਮ, ਦਖ਼ਲ, ਬਦਲੇ, ਵਿਤਕਰੇ, ਜਾਂ ਦੇਖਭਾਲ ਤੋਂ ਇਨਕਾਰ ਕੀਤੇ ਜਾਣ ਦੇ ਡਰ ਤੋਂ ਬਗੈਰ ਸ਼ਿਕਾਇਤ ਕਰਨ ਦਾ ਵੀ ਅਧਿਕਾਰ ਹੈ।
- ਸੈਂਟਰ ਦਾ ਮਰੀਜ਼ ਦੀ ਸ਼ਿਕਾਇਤ ਦੀ ਮੌਜੂਦਗੀ, ਅਧੀਨਗੀ, ਤਫ਼ਤੀਸ਼, ਅਤੇ ਸੁਭਾਅ ਨੂੰ ਦਰਜ਼ ਕਰਨ ਲਈ ਇੱਕ ਸ਼ਿਕਾਇਤ ਪ੍ਰਕਿਰਿਆ ਦੀ ਵਿਧੀ ਨੂੰ ਸਥਾਪਿਤ ਕਰਨਾ ਜ਼ਰੂਰੀ ਹੈ।

- ਸਾਰੀਆਂ ਤਥਾਕਥਿਤ ਉਲੰਘਣਾਵਾਂ/ਸ਼ਿਕਾਇਤਾਂ ਵਿੱਚ, ਲੇਕਿਨ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ, ਬਦਸਲੂਕੀ, ਅਣਗਹਿਲੀ, ਜ਼ਬਾਨੀ, ਮਾਨਸਿਕ, ਜਿਨਸੀ, ਜਾਂ ਸਰੀਰਕ ਸ਼ੋਸ਼ਣ ਸ਼ਾਮਲ ਹਨ, ਪੂਰੀ ਤਰ੍ਹਾਂ ਨਾਲ ਦਰਜ਼ ਕੀਤੇ ਜਾਣੇ ਜ਼ਰੂਰੀ ਹਨ।
- ਸਾਰੇ ਆਰੋਪਾਂ ਨੂੰ ਸੈਂਟਰ ਵਿੱਚ ਆਧਿਕਾਰਕ ਇੱਕ ਵਿਅਕਤੀ ਨੂੰ ਫੌਰਨ ਰਿਪੋਰਟ ਕੀਤਾ ਜਾਣਾ ਜ਼ਰੂਰੀ ਹੈ। ਸਿਰਫ਼ ਸਾਬਤ ਦੋਸ਼ ਹੀ ਰਾਜ ਦੇ ਅਧਿਕਾਰੀ ਜਾਂ ਸਥਾਨਕ ਅਧਿਕਾਰੀ, ਜਾਂ ਦੋਵਾਂ ਨੂੰ ਰਿਪੋਰਟ ਕੀਤੇ ਜਾਣੇ ਜ਼ਰੂਰੀ ਹਨ।
- ਸ਼ਿਕਾਇਤ ਦੀ ਕਾਰਵਾਈ ਵਿੱਚ ਸ਼ਿਕਾਇਤ ਦੀ ਸਮੀਖਿਆ ਅਤੇ ਇੱਕ ਜਵਾਬ ਦੇ ਪ੍ਰਾਵਧਾਨਾਂ ਲਈ ਸਮੇਂ-ਸੀਮਾਵਾਂ ਬਾਰੇ ਦੱਸਿਆ ਜਾਣਾ ਜ਼ਰੂਰੀ ਹੈ।
- ਸੈਂਟਰ ਨੂੰ, ਸ਼ਿਕਾਇਤ ਦੇ ਜਵਾਬ ਵਿੱਚ, ਕਿਸੇ ਮਰੀਜ਼ ਜਾਂ ਮਰੀਜ਼ ਦੇ ਪ੍ਰਤੀਨਿਧ ਰਾਹੀਂ ਮਰੀਜ਼ ਨੂੰ ਦਿੱਤੀ ਗਈ ਸੇਵਾ ਜਾਂ ਇਲਾਜ (ਦਿੱਤੇ ਜਾਣ ਵਿੱਚ ਅਸਫਲਤਾ) ਬਾਰੇ ਕੀਤੀਆਂ ਗਈਆਂ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕਰਨੀ ਜ਼ਰੂਰੀ ਹੈ।
- ਸੈਂਟਰ ਦਾ ਇਹ ਦਰਜ਼ ਕਰਨਾ ਜ਼ਰੂਰੀ ਹੈ ਕਿ ਸ਼ਿਕਾਇਤ ਨਾਲ ਕਿਵੇਂ ਨਿਪਟਿਆ ਗਿਆ ਸੀ ਅਤੇ ਨਾਲ ਹੀ ਨਾਲ ਆਪਣੇ ਫੈਸਲੇ ਬਾਰੇ ਮਰੀਜ਼ ਨੂੰ ਲਿਖਤ ਨੋਟਿਸ ਦੇਣਾ ਵੀ ਜ਼ਰੂਰੀ ਹੈ। ਫੈਸਲੇ ਵਿੱਚ ਸੈਂਟਰ ਦੇ ਸੰਪਰਕ ਵਿਅਕਤੀ ਦਾ ਨਾਂ, ਸ਼ਿਕਾਇਤ ਦੀ ਜਾਂਚ ਕਰਨ ਲਈ ਚੁੱਕੇ ਗਏ ਕਦਮ, ਸ਼ਿਕਾਇਤ ਪ੍ਰਕਿਰਿਆ ਦੇ ਪੂਰਾ ਹੋਣ ਦੀ ਤਾਰੀਖ ਦਾ ਸ਼ਾਮਲ ਹੋਣਾ ਜ਼ਰੂਰੀ ਹੈ। ਮਰੀਜ਼ ਨੂੰ ਸਮੇਂ ਸਿਰ ਸ਼ਿਕਾਇਤ ਦੇ ਸਮਾਧਾਨ ਦਾ ਅਧਿਕਾਰ ਪ੍ਰਾਪਤ ਹੈ, ਆਮ ਤੌਰ ਤੇ ਸ਼ਿਕਾਇਤ ਦੀ ਪ੍ਰਾਪਤੀ ਦੇ 12 ਕਾਰੋਬਾਰੀ ਦਿਨਾਂ ਦੇ ਅੰਦਰ-ਅੰਦਰ।
- ਮਰੀਜ਼ ਨੂੰ ਇਹ ਉਮੀਦ ਕਰਨ ਦਾ ਅਧਿਕਾਰ ਹੈ ਕਿ ਸੈਂਟਰ ਡਿਸਚਾਰਜ ਤੋਂ ਬਾਅਦ ਦੀਆਂ ਸਿਹਤ ਦੇਖਭਾਲ ਨੂੰ ਜਾਰੀ ਰੱਖਣ ਸਬੰਧੀ ਲੋੜਾਂ ਬਾਰੇ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਸਾਧਨਾਂ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ।
- ਮਰੀਜ਼ ਨੂੰ ਉਨ੍ਹਾਂ ਦੀ ਪ੍ਰਕਿਰਿਆ ਤੋਂ ਪਹਿਲੇ ਉਸ ਦੇ ਅਧਿਕਾਰਾਂ ਬਾਰੇ ਸੂਚਿਤ ਕਰ ਦਿੱਤਾ ਜਾਏਗਾ।
- ਮਰੀਜ਼ ਨੂੰ ਬਗੈਰ ਤਾੜਨਾ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਏਗਾ।

**ਦੇਖਭਾਲ ਵਿੱਚ ਭਾਗੀਦਾਰੀ**

- ਮਰੀਜ਼ ਨੂੰ ਆਪਣੀ ਦੇਖਭਾਲ ਅਤੇ ਨਾਲ ਹੀ ਦੇਖਭਾਲ ਦੇ ਫ਼ੈਸਲਿਆਂ ਨਾਲ ਸੰਬੰਧਿਤ ਸਮੱਸਿਆਵਾਂ ਦੇ ਸਮਾਧਾਨ ਵਿੱਚ ਕਿਰਿਆਸ਼ੀਲ ਢੰਗ ਨਾਲ ਹਿੱਸਾ ਲੈਣ ਦਾ ਅਧਿਕਾਰ ਹੈ।
- ਇੱਕ ਮਰੀਜ਼ ਨੂੰ, ਕਾਨੂੰਨ ਦੀ ਇਜਾਜ਼ਤ ਦੀ ਹੱਦ ਤੱਕ, ਦਵਾਈਆਂ ਜਾਂ ਪ੍ਰਕਿਰਿਆਵਾਂ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ ਅਤੇ ਇੱਕ ਪ੍ਰੈਕਟੀਸ਼ਨਰ ਮਰੀਜ਼ ਨੂੰ ਉਸ ਦੇ ਦਵਾਈਆਂ ਜਾਂ ਪ੍ਰਕਿਰਿਆਵਾਂ ਤੋਂ ਇਨਕਾਰ ਕਰਨ ਦੇ ਮੈਡੀਕਲ ਨਤੀਜਿਆਂ ਬਾਰੇ ਸੂਚਿਤ ਕਰੇਗਾ।ਮਰੀਜ਼ ਨੂੰ ਦੇਖਭਾਲ ਦੇ ਫ਼ੈਸਲਿਆਂ ਵਿੱਚ ਪਰਿਵਾਰ ਦੀ ਰਾਇ ਲੈਣ ਦਾ ਹੱਕ ਹੈ, ਜੋ ਕਿ ਮਰੀਜ਼ ਦੇ ਕਾਨੂੰਨੀ ਡਾਇਰੈਕਟਿਵ ਜਾਂ ਮੌਜੂਦਾ ਅਦਾਲਤ ਰਾਹੀਂ ਜਾਰੀ ਕਾਨੂੰਨੀ ਆਦੇਸ਼ਾਂ ਦੀ ਪਾਲਣਾ ਵਿੱਚ ਹੋਣ।
- ਮਰੀਜ਼ ਆਪਣੀ ਮਰਜ਼ੀ ਨਾਲ, ਅਤੇ ਦੇਖਭਾਲ ਨੂੰ ਆਪਣੇ ਹੱਥ ਵਿੱਚ ਲੈਣ ਵਾਲੇ ਡਾਕਟਰ ਦੇ ਮਨਜ਼ੂਰੀ ਦੇਣ ਤੇ ਡਾਕਟਰਾਂ ਨੂੰ ਵੀ ਤਬਦੀਲ ਕਰ ਸਕਦੇ ਹਨ।
- ਇੱਕ ਮਰੀਜ਼ ਇੱਕ ਅਨੁਸੰਧਾਨ ਪ੍ਰੋਜੈਕਟ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਸਕਦਾ ਹੈ। ਇੱਕ ਮਰੀਜ਼ ਕਿਸੇ ਅਜਿਹੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਮੰਨਾ ਕਰ ਸਕਦਾ/ਸਕਦੀ ਹੈ ਜਿਸ ਲਈ ਉਸ ਨੇ ਪਹਿਲੇ ਸੂਚਿਤ ਸਹਿਮਤੀ ਦਿੱਤੀ ਹੋਵੇ।
-

ਜੇ ਸਹੀ ਅਧਿਕਾਰ ਖੇਤਰ ਦੀ ਇੱਕ ਅਦਾਲਤ ਰਾਹੀਂ ਲਾਗੂ ਹੋਣ ਵਾਲੇ ਰਾਜ ਦੇ ਸਿਹਤ ਅਤੇ ਸੁਰੱਖਿਆ ਕਾਨੂੰਨਾਂ ਦੇ ਤਹਿਤ ਇੱਕ ਮਰੀਜ਼ ਨੂੰ ਅਯੋਗ ਘੋਸ਼ਿਤ ਕਰ ਦਿੱਤਾ ਜਾਂਦਾ ਹੈ ਤਾਂ ਰਾਜ ਦੇ ਕਾਨੂੰਨ ਦੇ ਤਹਿਤ ਮਰੀਜ਼ ਦੇ ਵੱਲੋਂ ਕਾਰਵਾਈ ਕਰਨ ਲਈ ਨਿਯੁਕਤ ਵਿਅਕਤੀ ਮਰੀਜ਼ ਦੇ ਅਧਿਕਾਰਾਂ ਦਾ ਇਸਤੇਮਾਲ ਕੀਤੇ ਜਾਂਦੇ ਹਨ। ਜੇ ਰਾਜ ਦੀ ਅਦਾਲਤ ਨੇ ਇੱਕ ਮਰੀਜ਼ ਨੂੰ ਅਯੋਗ ਘੋਸ਼ਿਤ ਨਹੀਂ ਕੀਤਾ ਹੈ, ਤਾਂ ਰਾਜ ਦੇ ਕਾਨੂੰਨ ਦੇ ਮੁਤਾਬਕ ਮਰੀਜ਼ ਰਾਹੀਂ ਨਾਮਿਤ ਕੋਈ ਕਾਨੂੰਨੀ ਪ੍ਰਤੀਨਿਧ ਰਾਜ ਦੇ ਕਾਨੂੰਨ ਰਾਹੀਂ ਮਨਜ਼ੂਰ ਹੱਦ ਤੱਕ ਮਰੀਜ਼ ਦੇ ਅਧਿਕਾਰਾਂ ਦਾ ਇਸਤੇਮਾਲ ਕਰ ਸਕਦਾ ਹੈ।

## ਮਰੀਜ਼ ਦੀਆਂ ਜ਼ੁੰਮੇਵਾਰੀਆਂ

ਮਰੀਜ਼ ਦਾ ਨਿਮਨਲਿਖਿਤ ਕਰਨ ਦੀ ਜ਼ੁੰਮੇਵਾਰੀ ਹੈ:

ਕਾਰਵਾਈ ਤੋਂ ਪਹਿਲਾਂ ਦਿੱਤੇ ਗਏ ਕਿਸੇ ਵੀ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ, ਜਿਵੇਂ ਕਿ ਕਾਰਵਾਈ ਦੇ ਲਈ ਤਿਆਰੀ ਅਤੇ ਡਿਸਚਾਰਜ ਵੇਲੇ ਦਿੱਤੇ ਗਏ ਕੋਈ ਲਿਖਿਤ ਨਿਰਦੇਸ਼।

ਡਾਕਟਰ ਅਤੇ ਸਟਾਫ਼ ਤੋਂ ਅਜਿਹੇ ਕੋਈ ਵੀ ਸਵਾਲ ਪੁਛਣੇ ਤਾਂ ਜੋ ਉਸਨੂੰ ਕਾਰਵਾਈ ਅਤੇ ਬਾਅਦ ਵਿੱਚ ਦੇਖਭਾਲ ਬਾਰੇ ਪੂਰੀ ਜਾਣਕਾਰੀ ਹੋਵੇ।

**ਆਪਣੇ ਮੈਡੀਕਲ ਇਤਿਹਾਸ ਅਤੇ ਆਪਣੇ ਹਾਲਤ ਵਿਚ ਬਦਲਾਅ ਦੇ ਬਾਰੇ ਸਹੀ ਅਤੇ ਪੂਰਨ ਜਾਣਕਾਰੀ ਪ੍ਰਦਾਨ ਕਰਨਾ।**

**ਵਿੱਤੀ ਵਾਅਦਿਆਂ ਨੂੰ ਪੂਰਾ ਕਰਨਾ। ਆਪਣੇ ਬਿਲਾਂ ਨੂੰ ਤਤਕਾਲ ਭਰਨਾ, ਜੇ ਤੁਹਾਨੂੰ ਖਾਸ ਪ੍ਰਬੰਧ ਕਰਨੇ ਹੋਣ ਤਾਂ ਬਿਲਿੰਗ ਵਿਭਾਗ ਨਾਲ ਸੰਪਰਕ ਕਰੋ।**

## ਮਰੀਜ਼ ਦੀ ਸ਼ਿਕਾਇਤਾਂ

ਮਰੀਜ਼ ਅਤੇ ਉਸਦੇ ਪਰਿਵਾਰ ਨੂੰ ਸੇਵਾ ਦੀਆਂ ਲੋੜਾਂ ਅਤੇ ਉਮੀਦ ਦੇ ਸੰਬੰਧ ਵਿੱਚ ਫੀਡਬੈਕ, ਸੁਝਾਅ, ਟਿੱਪਣੀ ਅਤੇ/ਜਾਂ ਸ਼ਿਕਾਇਤ ਦੇ ਕੇ ਮਰੀਜ਼ ਦੇ ਪਰਿਵੇਸ਼ ਨੂੰ ਸਮਝਣ ਦੀ ਕਾਰਜਸਥਲ ਦੀ ਸਮਝ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਇੱਕ ਸ਼ਿਕਾਇਤ ਜਾਂ ਗਿਲਾ ਨੂੰ ਹੈਲਥ ਜਾਂ ਮੈਡੀਕੇਅਰ ਦੇ ਵਾਸ਼ਿੰਗਟਨ ਸਟੇਟ ਵਿਭਾਗ ਦੇ ਮਰੀਜ਼ ਅਧਿਵਕਤਾ ਨੂੰ ਜਾਂ ਸੈਂਟਰ ਦੀ ਨਰਸ ਮੈਨੇਜਰ ਨੂੰ ਸੰਪਰਕ ਕਰਕੇ ਦਰਜ਼ ਕੀਤੀ ਜਾਣੀ ਚਾਹੀਦੀ ਹੈ। ਹੇਠਾਂ ਦਿੱਤੇ ਨੰਬਰ ਵੇਖੋ।

ਸੈਂਟਰ ਨੋਟਿਸ ਦੇ ਨਾਲ ਲਿਖਤ ਵਿੱਚ ਜਵਾਬ ਦੇਵੇਗਾ (ਜੇ ਲਾਗੂ ਹੁੰਦਾ ਹੈ) ਕਿ ਸ਼ਿਕਾਇਤ ਨਾਲ ਕਿਵੇਂ ਨਿਪਟਿਆ ਗਿਆ ਹੈ।

ਸੰਪਰਕ:

Northwest Endoscopy Center, LLC
Sandra VanderYacht, Nurse Manager
2930 Squalicum Parkway, #202
Bellingham, WA 98225
(360) 734-1420
sjvanderya@hinet.org

Washington State Department of Health
HSQA Complaint Intake
P.O. Box 47857
Olympia, WA 98504-7857
1-800-633-6828 ਜਾਂ 360-236-4700
HSQAComplaintIntake@doh.wa.gov

Medicare Beneficiary Ombudsman
1-800-MEDICARE (1-800-633-4227)
http://www.cms.hhs.gov/claims-and-appeals/medicare-rights/get-help/ombudsman.html

## ਅਗਾਹੂੰ ਨਿਰਦੇਸ਼ ਅਤੇ/ਜਾਂ ਲਿਵਿੰਗ ਵਿਲ ਦੇ ਸਬੰਧ ਵਿੱਚ ਨੋਟਿਸ

ਸੰਚਾਲਨ ਬਾਡੀ ਨੇ ਸੈਂਟਰ ਵਿੱਚ ਅਗਾਹੂੰ ਨਿਰਦੇਸ਼ ਅਤੇ/ਜਾਂ ਲਿਵਿੰਗ ਵਿਲ ਦੇ ਸਬੰਧ ਵਿੱਚ ਹੇਠਾਂ ਦਿੱਤੇ ਮਾਨਕਾਂ ਦੀ ਸਮੀਖਿਆ ਕੀਤੀ ਹੈ ਅਤੇ ਅਨੁਮੋਦਿਤ ਕੀਤਾ ਹੈ:

ਇੱਕ ਜੀਵਨ ਲਈ ਖਤਰਨਾਕ ਐਮਰਜੈਂਸੀ ਦੇ ਹੋਣ ਤੇ, ਸੈਂਟਰ ਸਾਰੇ ਪੱਖਾਂ ਤੇ ਹੇਠਾਂ ਦਿੱਤੇ ਲਾਗੂ ਕਰੇਗਾ

- ਮਰੀਜ਼ ਨੂੰ ਸਥਿਰ ਕਰਨ ਲਈ ਜਿਵੇਂ ਜ਼ਰੂਰੀ ਹੋਵੇ ਐਮਰਜੈਂਸੀ ਪ੍ਰਕਿਰਿਆ ਕਰਨਾ
- ਮਰੀਜ਼ ਨੂੰ ਪੀਸਹੈਲਥ, ਸੈਂਟ ਜੋਸਫ਼ ਮੈਡੀਕਲ ਸੈਂਟਰ ਵਿੱਚ ਟ੍ਰਾਂਸਫਰ ਕਰਨਾ, ਜਿੱਥੇ ਕਿ ਹਾਜ਼ਰ ਡਾਕਟਰ ਅਤੇ ਪਰਿਵਾਰ ਮਰੀਜ਼ ਦੇ ਕਲਿਆਣ ਦੇ ਸਬੰਧ ਵਿੱਚ ਇੱਕ ਸੂਚਿਤ ਫੈਸਲਾ ਲੈ ਸਕਦੇ ਹਨ

ਜੇ ਮਰੀਜ਼ ਦੇ ਠਹਿਰਨ ਦੇ ਸਮੇਂ ਦੇ ਦੌਰਾਨ, ਕਿਸੇ ਵੀ ਵੇਲੇ, ਮਰੀਜ਼, ਪਰਿਵਾਰ ਅਤੇ/ਜਾਂ ਡਾਕਟਰ ਸੈਂਟਰ ਦੀ ਅਗਾਊਂ ਨਿਰਦੇਸ਼ ਅਤੇ/ਜਾਂ ਲਿਵਿੰਗ ਵਿਲ ਦੇ ਸਬੰਧ ਵਿੱਚ ਨੀਤੀਆਂ ਨਾਲ ਸਹਿਮਤ ਨਹੀਂ ਹੁੰਦੇ ਤਾਂ ਕਿਸੇ ਹੋਰ ਥਾਂ ਤੇ ਜਾਂ ਸੈਂਟਰ, ਉਸਦੇ ਸਟਾਫ, ਡਾਕਟਰ ਜਾਂ ਮਰੀਜ਼ ਅਤੇ ਉਸ ਦੇ ਪਰਿਵਾਰ ਦੇ ਖਿਲਾਫ਼ ਬਿਨਾਂ ਕਿਸੇ ਭੇਦਭਾਵ ਜਾਂ ਦੁਰਵਿਹਾਰ ਦੇ ਕਿਸੇ ਹੋਰ ਪ੍ਰੈਕਟੀਸ਼ਨਰ ਰਾਹੀਂ ਦੇਖਭਾਲ ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਜਾਏਗੀ।

## ਡਾਕਟਰ ਦੀ ਭਾਗੀਦਾਰੀ

ਇਹ ਤੁਹਾਨੂੰ ਸੂਚਿਤ ਕਰਨ ਲਈ ਹੈ ਕਿ ਤੁਹਾਡੇ ਡਾਕਟਰ ਦਾ ਇਸ ਸੈਂਟਰ ਵਿੱਚ ਆਰਥਕ ਹਿੱਤ ਜਾਂ ਮਾਲਿਕਾਨਾ ਹੱਕ ਹੋ ਸਕਦਾ ਹੈ। ਹੇਠਾਂ ਉਨ੍ਹਾਂ ਡਾਕਟਰ ਦੀ ਸੂਚੀ ਹੈ ਜਿਨ੍ਹਾਂ ਦਾ ਇੱਕ ਡਾਇਰੈਕਟ ਮਾਲਿਕਾਨਾ ਹਿੱਤ ਹੈ:

| | | |
|---|---|---|
| Alan Chang, MD | NPI# 1255398285 | 2979 Squalicum Parkway, #301 Bellingham WA 98225 |
| Barry Levenson, MD | NPI# 1356335905 | 2979 Squalicum Parkway, #301 Bellingham WA 98225 |
| Benjamin Siemanowski, MD | NPI# 1548301120 | 2979 Squalicum Parkway, #301 Bellingham WA 98225 |
| Christoph Reitz, MD | NPI# 1639135007 | 2979 Squalicum Parkway, #301 Bellingham WA 98225 |
| Gregory Munson, MD | NPI # 1982610937 | 2979 Squalicum Parkway, #301 Bellingham WA 98225 |
| Hannah Sheinin, MD | NPI# 1023017274 | 2979 Squalicum Parkway, #301 Bellingham WA 98225 |
| Jim Schoenecker, MD | NPI# 1871565572 | 2979 Squalicum Parkway, #301 Bellingham WA 98225 |
| Kelly McCullough, MD | NPI# 1841256260 | 2979 Squalicum Parkway, #301 Bellingham WA 98225 |
| Todd Witte, MD | NPI# 1093847949 | 2979 Squalicum Parkway, #301 Bellingham, WA 98225 |